ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 10/21-07 ਅ1(5) ਕੋ:ਸੈਲ(3)
ਮਿਤੀ, ਐਸ.ਏ.ਐਸ.ਨਗਰ:07.08.2015

ਸ੍ਰੀ ਦਵਿੰਦਰ ਸਿੰਘ, ਲੈਕਚਰਾਰ ਕੈਮਿਸਟਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਾਖਲ ਧਾਲੀਵਾਲ (ਜਲੰਧਰ) ਨੂੰ ਮਿਤੀ 11.06.97 ਤੋਂ ਲਗਾਤਾਰ ਆਪਣੀ ਡਿਊਟੀ ਤੋਂ ਗੈਰ ਹਾਜਰ ਰਹਿਣ ਕਾਰਨ ਸਰਕਾਰ ਦੇ ਪੱਤਰ ਨੰ: 07/26/11-5ਸਿ2/ 877 ਮਿਤੀ 15.02.2011 ਰਾਹੀਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਅਧੀਨ ਦੋਸ ਸੂਚੀ ਜਾਰੀ ਕੀਤੀ ਗਈ ਸੀ।

ਸ੍ਰੀ ਦਵਿੰਦਰ ਸਿੰਘ, ਲੈਕਚਰਾਰ ਕੈਮਿਸਟਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਾਖਲ ਧਾਲੀਵਾਲ (ਜਲੰਧਰ) ਵੱਲੋ ਦੋਸ ਸੂਚੀ ਦਾ ਕੋਈ ਉਤਰ ਨਹੀ. ਦਿੱਤਾ ਗਿਆ। ਉਸ ਵਿਰੁੱਧ ਲੱਗੇ ਦੋਸਾਂ ਦੀ ਸਚਾਈ ਜਾਨਣ ਲਈ ਸਰਕਾਰ ਦੇ ਹੁਕਮ ਨੰ: ਨੰ: 07/26/11-5ਸਿ2/ 7560 ਮਿਤੀ 27.09.2011 ਰਾਹੀਂ ਸ੍ਰੀਮਤੀ ਨੀਲਮ ਕੁਮਾਰੀ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਧੇਵਾਲੀ (ਜਲੰਧਰ) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋ ਪ੍ਰਾਪਤ ਹੋਈ ਰਿਪੋਰਟ ਮੀਮੋ ਨੰ: ਸਟੈਨੋ ਟੂ ਜਿ.ਸਿ.ਅ./2013-25466 ਮਿਤੀ 06.05.2013 ਅਨੁਸਾਰ ਇਹ ਕਰਮਚਾਰੀ ਪੜਤਾਲ ਵਿੱਚ ਸਾਮਲ ਨਹੀਂ ਹੋਇਆ ਅਤੇ ਮਿਤੀ 11.06.97 ਤੋਂ ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੋਰ ਤੇ ਗੈਰ ਹਾਜਰ ਦੋਸ ਸਿੱਧ ਕੀਤਾ ਗਿਆ।

ਇਸ ਦਫਤਰ ਵਲੋਂ ਡਿਊਟੀ ਤੋਂ ਲਗਾਤਾਰ ਵੱਖ-ਵੱਖ ਮਿਤੀਆਂ ਤੋਂ ਅਣ-ਅਧਿਕਾਰਤ ਤੋਰ ਤੇ ਗੈਰ ਹਾਜਰ ਰਹਿਣ ਵਾਲੇ ਅਧਿਆਪਕਾਂ/ਕਰਮਚਾਰੀਆਂ ਸਬੰਧੀ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਇਕ ਸਾਂਝਾ ਇਸਤਿਹਾਰ ਦਿਤਾ ਗਿਆ। ਇਹ ਇਸਤਿਹਾਰ ਮਿਤੀ 14.06.15 ਨੂੰ ਦੀ ਸੰਡੇ ਟਿਬਿਊਨ( The Sunday Tribune) ਵਿੱਚ ਪ੍ਰਕਾਸਿਤ ਹੋਇਆ ਜਿਸ ਵਿੱਚ ਲੜੀ ਨੰ: 16 ਤੇ ਇਸ ਕਰਮਚਾਰੀ ਦਾ ਨਾਂ ਵੀ ਸਾਮਲ ਹੈ। ਇਸ ਇਸਤਿਹਾਰ ਰਾਹੀਂ ਸ੍ਰੀ ਦਵਿੰਦਰ ਸਿੰਘ, ਲੈਕਚਰਾਰ ਕੈਮਿਸਟਰੀ, ਸਸਸਸ, ਗਾਖਲ ਧਾਲੀਵਾਲ ਜਿਲਾ ਜਲੰਧਰ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿਚ ਜੇਕਰ ਕੁੱਝ ਕਹਿਣਾ ਚਾਹੁੰਦਾ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ ਅੰਦਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰੇ। ਪਰੰਤੂ ਇਸ ਨੋਟਿਸ ਦੇ ਜਵਾਬ ਵਿਚ ਕਰਮਚਾਰੀ ਨੇ ਨਾ ਤਾਂ ਕੋਈ ਉਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋ ਇਹ ਸਪਸ਼ਟ ਹੈ ਕਿ ਕਰਮਚਾਰੀ ਸਰਕਾਰੀ ਨੌਕਰੀ ਚਾਲੂ ਰੱਖਣ ਵਿਚ ਦਿਲਚਸਪੀ ਨਹੀ ਰੱਖਦਾ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ। ਇਹ ਕਰਮਚਾਰੀ ਮਿਤੀ 11.06.97 ਤੋਂ ਲਗਾਤਾਰ ਅਣ-ਅਧਿਕਾਰਤ ਤੋਰ ਤੇ ਆਪਣੀ ਡਿਊਟੀ ਤੋਂ ਗੈਰ ਹਾਜਰ ਰਹਿੰਦੇ ਹੋਏ ਮਿਤੀ 30.07.2014 ਨੂੰ In-absentia ਰਿਟਾਇਰ ਹੋ ਚੁੱਕਾ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਉਪਰੋਕਤ ਦਰਸਾਏ ਤੱਥਾਂ ਦੇ ਸਨਮੁੱਖ ਸ੍ਰੀ ਦਵਿੰਦਰ ਸਿੰਘ, ਲੈਕਚਰਾਰ ਕੈਮਿਸਟਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਾਖਲ ਧਾਲੀਵਾਲ (ਜਲੰਧਰ) ਜੋ ਮਿਤੀ 11.06.07 ਤੋਂ ਲਗਾਤਾਰ ਅਣ-ਅਧਿਕਾਰਤ ਤੋਰ ਤੇ ਆਪਣੀ ਡਿਊਟੀ ਤੋਂ ਲਗਾਤਾਰ ਗੈਰ ਹਾਜਰ ਚਲ ਰਿਹਾ ਹੈ, ਦੀਆਂ ਸੇਵਾਵਾਂ ਪੰਜਾਬ ਸਿਵਲ ਸਰਵਿਸਜ ਵਾਲਿਯਮ 2 ਦੇ ਨਿਯਮ 3.17 ਏ ਅਧੀਨ ਫਾਰਫਿਟ (Forfeit) ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।

ਪਿਠ ਅੰਕਣ ਨੰ: ਉਕਤ / 15131-34 ਮਿਤੀ, ਐਸ.ਏ.ਐਸ.ਨਗਰ : 11/8/15

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਜਲੰਧਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਕਰਮਚਾਰੀ ਦੀ ਸੇਵਾਪੱਤਰੀ ਵਿੱਚ ਲਾਲ ਸਿਆਹੀ ਨਾਲ ਸੇਵਾਵਾਂ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ।
3. ਪ੍ਰਿੰਸੀਪਲ, , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਾਖਲ ਧਾਲੀਵਾਲ (ਜਲੰਧਰ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਮੌਜੂਦਾ ਘਰ ਦੇ ਪੱਤੇ ਤੇ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ। ਕਰਮਚਾਰੀ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ।
4. ਸ੍ਰੀ ਦਵਿੰਦਰ ਸਿੰਘ, ਲੈਕਚਰਾਰ ਕੈਮਿਸਟਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗਾਖਲ ਧਾਲੀਵਾਲ (ਜਲੰਧਰ)।

ਸੁਪਰਡੰਟ ਕੋਆਰਡੀਨੇਸਨ ਸੈਲ